**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 pm**

**ਮਿਤੀ: 03-05-2025**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਨਿਆਂ ਪ੍ਰਦਾਨ ਕਰਨ ਵਿਚ, ਸਾਲਸੀ ਇੱਕ ਜ਼ਰੂਰੀ ਹਿੱਸਾ ਏ।
- ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ - ਭਾਰਤ ਮੀਡੀਆ ਅਤੇ ਮਨੋਰੰਜਨ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਅਗਵਾਈ ਕਰ ਸਕਦਾ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਹਲਫ਼ ਦਵਾਉਂਦਿਆਂ, ਸਾਰਿਆਂ ਨੂੰ ਨਸ਼ਿਆਂ ਖ਼ਿਲਾਫ ਲੜਾਈ ਦੀ ਅਗਵਾਈ ਕਰਨ ਦੀ ਕੀਤੀ ਅਪੀਲ।
- ਲੁਧਿਆਣਾ ਦੇ GST ਖੁਫੀਆ ਮਹਾਨਿਦੇਸ਼ਾਲੇ ਨੇ, ਮੰਡੀ ਗੋਬਿੰਦਗੜ੍ਹ ਦੀਆਂ 6 ਕਾਰੋਬਾਰੀ ਸੰਸਥਾਵਾਂ ਤੋਂ, ਉਤਪਾਦਾਂ ਦੀ

ਗੈਰ-ਕਾਨੂੰਨੀ ਵਿਕਰੀ ਵਿੱਚ ਸ਼ਾਮਲ, ਤਿੰਨ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ।

- ਪ੍ਰੈਸ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ, ਅੱਜ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਮਨਾਇਆ ਜਾ ਰਿਹੈ।

-----------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਸਾਲਸੀ ਨਿਆਂ ਪ੍ਰਦਾਨ ਕਰਨ ਦਾ ਇੱਕ ਜ਼ਰੂਰੀ ਹਿੱਸਾ ਏ। ਨਵੀਂ ਦਿੱਲੀ ਵਿੱਚ 'ਸਾਲਸੀ ਦੀ ਪ੍ਰਭਾਵਸ਼ੀਲਤਾ ਅਤੇ ਪਹੁੰਚ ਦੀ ਪੜਚੋਲ' ਵਿਸ਼ੇ 'ਤੇ ਰਾਸ਼ਟਰੀ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਇਹ ਗੱਲ ਕਹੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਲਸੀ ਨਾ ਸਿਰਫ਼ ਵਿਚਾਰ ਅਧੀਨ ਖਾਸ ਮਾਮਲੇ ਵਿੱਚ, ਸਗੋਂ ਹੋਰ ਮਾਮਲਿਆਂ ਵਿੱਚ ਵੀ ਵੱਡੀ ਗਿਣਤੀ ਵਿੱਚ ਮੁਕੱਦਮਿਆਂ ਦੇ ਬੋਝ ਨੂੰ ਘਟਾ ਕੇ ਨਿਆਂ ਦਿਵਾਉਣ ਵਿਚ ਤੇਜ਼ੀ ਲਿਆ ਸਕਦੀ ਏ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਲ 2047 ਤੱਕ ਵਿਕਾਸ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਸਾਲਸੀ ਇੱਕ ਮੁੱਖ ਸਾਧਨ ਏ।

---------------------------------------------------------------------

ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ ਕਿ ਭਾਰਤ ਮੀਡੀਆ ਅਤੇ ਮਨੋਰੰਜਨ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਅਗਵਾਈ ਕਰ ਸਕਦਾ ਏ । ਉਨ੍ਹਾਂ ਕਿਹਾ ਕਿ ਕਈ ਵਿਸ਼ਵ ਕੰਪਨੀਆਂ ਨੇ ਇਸ ਸਬੰਧ ਵਿੱਚ ਭਾਰਤ ਨਾਲ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਏ । ਗੂਗਲ, ਮੈਟਾ ਅਤੇ ਮਾਈਕ੍ਰੋਸਾਫਟ ਸਮੇਤ ਸੱਤ ਗਲੋਬਲ ਫਰਮਾਂ ਨੇ ਅੱਜ ਮੁੰਬਈ ਵਿੱਚ ਵੇਵਜ਼ ਸੰਮੇਲਨ ਦੌਰਾਨ ਭਾਰਤੀ ਰਚਨਾਤਮਕ ਇੰਡੀਅਨ ਤਕਨਾਲੋਜੀ ਸੰਸਥਾਨ -IICT ਨਾਲ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ। IICT ਦੀ ਸਥਾਪਨਾ ਮੁੰਬਈ ਵਿੱਚ 400 ਕਰੋੜ ਰੁਪਏ ਦੇ ਫੰਡ ਨਾਲ ਕੀਤੀ ਜਾਵੇਗੀ। ਇਸ ਮੌਕੇ ਸ੍ਰੀ ਵੈਸ਼ਨਵ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ, IICT ਨੂੰ, IIT ਅਤੇ IIM ਦੇ ਬਰਾਬਰ ਮਾਨਤਾ ਮਿਲੇਗੀ।

***ਵੇਰਵੇ ਨਾਲ ਇਕ ਰਿਪੋਰਟ : ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਰਚਨਾਤਮਕ ਤਕਨਾਲੋਜੀ ਬਾਰੇ ਭਾਰਤੀ ਸੰਸਥਾਨ- ਐਨੀਮੇਸ਼ਨ, ਵਿਜ਼ੂਅਲ ਇਫੈਕਟਸ, ਗੇਮਿੰਗ ਅਤੇ***

ਕਾਮਿਕਸ ਲਈ ਇੱਕ ਰਾਸ਼ਟਰੀ ਹੱਬ ਬਣਨ ਲਈ ਤਿਆਰ ਹੈ। ਇਸ ਮੌਕੇ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਡਾ. ਐਲ. ਮੁਰੂਗਨ ਅਤੇ ਮੰਤਰਾਲੇ ਦੇ ਸਕੱਤਰ ਸੰਜੇ ਜਾਜੂ ਵੀ ਮੌਜੂਦ ਸਨ। ਇਸ ਦੌਰਾਨ ਕਮਿਊਨਿਟੀ ਰੇਡੀਓ ਸੰਮੇਲਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ, ਡਾ. ਮੁਰੂਗਨ ਨੇ ਦੇਸ਼ ਭਰ ਵਿੱਚ ਕਮਿਊਨਿਟੀ ਰੇਡੀਓ ਵਲੋਂ ਕੀਤੇ ਜਾ ਰਹੇ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਾਰੇ ਕਮਿਊਨਿਟੀ ਰੇਡੀਓ ਚੰਗਾ ਕੰਮ ਕਰ ਰਹੇ ਨੇ ਅਤੇ ਭਾਰਤ ਦੀ ਰਿਵਾਇਤ ਨੂੰ ਉਤਸ਼ਾਹਿਤ ਕਰ ਰਹੇ ਨੇ । ਉਨ੍ਹਾਂ ਕਿਹਾ ਕਿ, ਕਮਿਊਨਿਟੀ ਰੇਡੀਓ, ਭਾਈਚਾਰੇ ਲਈ ਸਮਰਪਣ ਅਤੇ ਵਚਨਬੱਧਤਾ ਦਰਸਾਉਂਦਾ ਹੈ। ਮੰਤਰਾਲੇ ਦੇ ਸੰਯੁਕਤ ਸਕੱਤਰ ਪ੍ਰਿਥੁਲ ਕੁਮਾਰ ਨੇ ਭਰੋਸਾ ਦਿੱਤਾ ਕਿ ਸਰਕਾਰ, ਸਾਰੇ ਯੋਗ ਕਮਿਊਨਿਟੀ ਰੇਡੀਓ ਨੂੰ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ। ਉਨ੍ਹਾਂ ਕਿਹਾ ਕਿ, ਇਹ ਸੰਮੇਲਨ ਨੀਤੀ ਤਿਆਰ ਕਰਨ ਵਿੱਚ ਮਦਦ ਕਰੇਗਾ। ਡਾ. ਮੁਰੂਗਨ ਨੇ 10ਵੇਂ ਰਾਸ਼ਟਰੀ ਕਮਿਊਨਿਟੀ ਰੇਡੀਓ ਪੁਰਸਕਾਰ ਵੀ ਤਕਸੀਮ ਕੀਤੇ। ਰਾਜੇਸ਼ ਬਾਲੀ/ ਆਕਾਸ਼ਵਾਣੀ ਖਾਬਰਾ/ਜਲੰਧਰ

---

ਰਾਜ ਮੰਤਰੀ ਡਾ.ਮੁਰੂਗਨ ਨੇ ਸੰਮੇਲਨ ਦੌਰਾਨ, ਭਾਰਤ ਦੀ 'ਲਾਈਵ ਇਵੈਂਟਸ ਇਕਾਨਮੀ: ਇੱਕ ਰਣਨੀਤਕ ਵਿਕਾਸ', ਆਪਣੀ ਕਿਸਮ ਦਾ ਪਹਿਲਾ ਵ੍ਹਾਈਟ ਪੇਪਰ ਵੀ ਜਾਰੀ ਕੀਤਾ । ਵ੍ਹਾਈਟ ਪੇਪਰ ਭਾਰਤ ਦੇ ਤੇਜ਼ੀ ਨਾਲ ਫੈਲ ਰਹੇ ਲਾਈਵ ਮਨੋਰੰਜਨ ਉਦਯੋਗ ਦਾ ਇੱਕ ਵਿਆਪਕ ਵਿਸ਼ਲੇਸ਼ਣ ਪੇਸ਼ ਕਰਦਾ ਏ , ਜੋ ਉੱਭਰ ਰਹੇ ਰੁਝਾਨਾਂ, ਵਿਕਾਸ ਦੇ ਚਾਲ-ਚਲਣ ਅਤੇ ਸੈਕਟਰ ਦੇ ਨਿਰੰਤਰ ਵਿਕਾਸ ਲਈ ਰਣਨੀਤਕ ਸਿਫ਼ਾਰਸ਼ਾਂ ਨੂੰ ਉਜਾਗਰ ਕਰਦਾ ਏ ।

---

ਪੰਜਾਬ ਸਰਕਾਰ ਨੇ ਅੱਜ 9 ਆਈ.ਪੀ.ਐਸ ਅਤੇ ਇੱਕ ਪੀ.ਪੀ.ਐਸ ਅਧਿਕਾਰੀ ਦੇ ਤਬਾਦਲੇ ਕਰ ਦਿੱਤੇ ਨੇ।
ਇਸ ਵਿੱਚ ਵਰਿੰਦਰ ਕੁਮਾਰ ਨੂੰ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਵਿਸ਼ੇਸ਼ DGP ਨਿਯੁਕਤ ਕੀਤਾ ਗਿਆ ਏ। ਪ੍ਰਵੀਨ ਕੁਮਾਰ, ਜੋ ਸੂਬੇ ਦੇ ਖੁਫੀਆ ਵਿਭਾਗ ਦੇ ਐਡੀਸ਼ਨਲ DGP ਅਤੇ ਚੌਕਸੀ ਬਿਊਰੋ ਦੇ ਚੀਫ ਡਾਇਰੈਕਟਰ ਨੇ, ਉਹਨਾਂ ਕੋਲੋਂ ਅਡੀਸ਼ਨਲ DGP

ਐਨ.ਆਰ.ਆਈ ਵਿਭਾਗ ਦਾ ਚਾਰਜ ਲੈਕੇ ਆਰ. ਕੇ. ਜੈਸਵਾਲ ਨੂੰ ਦੇ ਦਿੱਤਾ ਗਿਆ ਏ । ਵਰੁਣ ਸ਼ਰਮਾ ਨੂੰ ਪਟਿਆਲਾ ਦੇ ਪੁਲਿਸ ਮੁਖੀ ਨਾਨਕ ਸਿੰਘ ਦੀ ਥਾਂ ਤੇ ਬਦਲ ਦਿੱਤਾ ਗਿਆ ਏ, ਨਾਨਕ ਸਿੰਘ ਨੂੰ ਪਟਿਆਲਾ ਰੇਂਜ ਦੇ DIG ਦਾ ਕਾਰਜ ਭਾਰ ਸੌਂਪਿਆ ਗਿਆ ਏ। ਜਲੰਧਰ ਦਿਹਾਤੀ ਦੇ ਸਾਬਕਾ ਪੁਲਿਸ ਮੁਖੀ ਹਰ ਕਮਲਪ੍ਰੀਤ ਸਿੰਘ ਖੱਖ ਨੂੰ ਐਨ.ਆਰ.ਆਈ ਜਲੰਧਰ ਦਾ ਐਡੀਸ਼ਨਲ ਇੰਸਪੈਕਟਰ ਜਨਰਲ ਅਤੇ ਕਪੂਰਥਲਾ ਸਥਿਤ ਸੇਵਾ ਦੌਰਾਨ ਸਿਖਲਾਈ ਕੇਂਦਰ ਦਾ ਕਮਾਂਡੈਂਟ ਨਿਯੁਕਤ ਕੀਤਾ ਗਿਆ ਏ। ਇਹਨਾਂ ਸਾਰਿਆਂ ਅਧਿਕਾਰੀਆਂ ਨੂੰ ਆਪਣੀ ਨਿਯੁਕਤੀ 'ਤੇ ਤੁਰੰਤ ਜੁਆਇਨ ਕਰਨ ਦੇ ਹੁਕਮ ਦਿੱਤੇ ਗਏ ਨੇ।

-------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਾਂਗ ਸੂਬਾ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਵਿੱਚ ਵੀ ਮੋਹਰੀ ਭੂਮਿਕਾ ਨਿਭਾਏਗਾ। ਅੱਜ ਚੰਡੀਗੜ੍ਹ ਵਿਚ ਨਸ਼ਿਆਂ ਖਿਲਾਫ ਪੈਦਲ ਯਾਤਰਾ ਵਿੱਚ ਹਿੱਸਾ ਲੈਣ ਦੌਰਾਨ, ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਨਾਇਕਾਂ ਨੇ ਦੇਸ਼ ਨੂੰ

ਆਜ਼ਾਦੀ ਦੇ ਰਾਹ 'ਤੇ ਤੋਰਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਅੱਜ ਪੰਜਾਬ ਦੇਸ਼ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕਰਨ ਲਈ ਤਿਆਰ ਏ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੀ ਮੌਜੂਦ ਰਹੇ। ਉਨ੍ਹਾਂ ਕਿਹਾ ਕਿ ਇਸ 'ਨਸ਼ਿਆਂ ਵਿਰੁੱਧ ਪੈਦਲ ਯਾਤਰਾ' ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਮਾਜ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਦਾ ਦ੍ਰਿੜ੍ਹ ਸੰਕਲਪ ਲੈਣ ਦੀ ਅਪੀਲ ਕੀਤੀ ਏ। ਨਸ਼ਾ ਮੁਕਤ ਪੰਜਾਬ ਬਣਾਉਣ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਝੰਡਾਬਰਦਾਰ ਬਣਨ ਲਈ ਪ੍ਰੇਰਿਤ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉੱਜਵਲ ਭਵਿੱਖ ਯਕੀਨੀ ਬਣਾਉਣ ਲਈ ਇਸ ਸਮਾਜਿਕ ਬੁਰਾਈ ਨੂੰ ਮੁੱਢ ਤੋਂ ਹੀ ਨੱਥ ਪਾਈ ਜਾਣੀ ਚਾਹੀਦੀ ਏ। ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇ ਕੋਈ ਨਸ਼ਿਆਂ ਬਾਰੇ ਕਿਸੇ ਵੀ ਤਰ੍ਹਾਂ ਪਹੁੰਚ ਕਰਦਾ ਏ ਤਾਂ ਮਾਪਿਆਂ ਜਾਂ ਅਧਿਆਪਕਾਂ ਨੂੰ ਇਸਦੀ ਜਾਣਕਾਰੀ ਦੇਣ।

ਏਧਰ ਅੱਜ ਜਲੰਧਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਪਿੰਡ ਸੁਰੱਖਿਆ ਕਮੇਟੀਆਂ ਨੂੰ ਇਕ ਵਿਸ਼ੇਸ਼ ਸਮਾਗਮ ਵਿੱਚ ਸੰਬੋਧਨ ਕਰਦਿਆਂ ਮੁਖ ਮੰਤਰੀ ਨੇ ਕਿਹਾ ਕੇ ਆਪਣੀ ਪਿੰਡਾਂ ਸਮੇਤ ਪੂਰੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਸਾਨੂੰ ਸਬਨਾਂ ਨੂੰ ਰਲਕੇ ਹੰਬਲਾ ਮਾਰਨ ਦੀ ਲੋੜ ਏ।

**BYTE:**

ਓਹਨਾ ਇਸ ਮੌਕੇ ਨਸ਼ਾ ਮੁਕਤੀ ਦੀ ਸਹੁੰ ਵੀ ਚੁਕਾਈ।

**BYTE:**

---------------------------------------------------------

"ਪਿੰਡਾਂ ਦੇ ਪਹਿਰੇਦਾਰ" "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਅੱਜ ਸੂਬੇ ਭਰ ਵਿਚ ਵੱਖ-ਵੱਖ ਮੰਤਰੀਆਂ ਵਲੋਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ

ਓਧਰ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਅੱਜ “ਯੁੱਧ ਨਸ਼ਿਆਂ ਵਿਰੁੱਧ” ਮੁਹਿੰਮ ਅਧੀਨ ਪੁਲਿਸ ਲਾਈਨ ਗਰਾਊਂਡ ਤਰਨ

ਤਾਰਨ ਵਿਖੇ ਕਰਵਾਏ “ਪਿੰਡ ਦੇ ਪਹਿਰੇਦਾਰ” ਪ੍ਰੋਗਰਾਮ ਤਹਿਤ ਪਿੰਡ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਪੰਚਾਂ-ਸਰਪੰਚਾਂ ਨਾਲ ਗੱਲਬਾਤ ਕੀਤੀ । ਕੈਬਨਿਟ ਮੰਤਰੀਨੇ ਸਾਰਿਆਂ ਨੂੰ ਨਸ਼ਾ ਮੁਕਤੀ ਦੀ ਸਹੁੰ ਚੁਕਾਈ। ਓਧਰ  ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਤੋਂ ਨਸ਼ਾ ਮੁਕਤੀ ਜਾਗਰੂਕਤਾ ਮੋਬਾਇਲ ਵੈਨ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ।

---------------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ "ਨਸ਼ੇ ਸੇ ਦੂਰ, ਜੀਓ ਭਰਪੂਰ" ਸ਼ਹਿਰ-ਵਿਆਪੀ ਮੁਹਿੰਮ ਦੇ ਹਿੱਸੇ ਵਜੋਂ ਪੈਦਲ ਯਾਤਰਾ ਕੱਢੀ ਗਈ। ਵਾਈਸ ਚਾਂਸਲਰ ਪ੍ਰੋ. ਰੇਣੂ ਵਿਗ ਨੇ ਨਸ਼ਿਆਂ ਖ਼ਿਲਾਫ ਜਾਗਰੂਕਤਾ ਪੈਦਾ ਕਰਨ ਵਿੱਚ ਯੂਨੀਵਰਸਿਟੀ ਦੀ ਟੁਕੜੀ ਦੀ ਅਗਵਾਈ ਕੀਤੀ। ਯੂਨੀਵਰਸਿਟੀ ਦੇ ਅਧਿਕਾਰੀਆਂ ਸਮੇਤ  200 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ । ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ, ਸੈਕਟਰ 17 ਦੇ ਤਿਰੰਗਾ ਗਰਾਊਂਡ ਵਿੱਚ ਭਾਗੀਦਾਰਾਂ ਨੂੰ ਸੰਬੋਧਨ ਕੀਤਾ।

-------------------------------------------------

GST ਖੁਫੀਆ ਮਹਾਨਿਦੇਸ਼ਾਲੇ (DGGI), ਲੁਧਿਆਣਾ ਨੇ 6 ਕਾਰੋਬਾਰੀ ਸੰਸਥਾਵਾਂ ਤੋਂ 647 ਕਰੋੜ 40 ਲੱਖ ਰੁਪਏ ਦੇ ਉਤਪਾਦਾਂ ਦੀ ਗੈਰ-ਕਾਨੂੰਨੀ ਵਿਕਰੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਏ । ਇਸ ਮਾਮਲੇ ਵਿੱਚ 116 ਕਰੋੜ 50 ਲੱਖ ਰੁਪਏ ਦੀ ਜੀ.ਐਸ.ਟੀ ਚੋਰੀ ਸਾਹਮਣੇ ਆਈ ਏ । ਪੰਜਾਬ ਦੇ ਮੰਡੀ ਗੋਬਿੰਦਗੜ੍ਹ ਵਿੱਚ ਸਥਿਤ ਇਹ ਛੇ ਫਰਮਾਂ ਵਿਚ - ਮੈਸਰਜ਼ ਭਾਰਤ ਸਟੀਲ ਇੰਡਸਟਰੀ, ਮੈਸਰਜ਼ ਰਾਮਜੀ ਕੌਨਕਾਸਟ, ਮੈਸਰਜ਼ ਏ.ਕੇ.ਐਮ ਅਲੋਇਸ, ਮੈਸਰਜ਼ ਕੇ.ਟੀ.ਬੀ ਅਲੋਇਸ, ਮੈਸਰਜ਼ ਸ਼੍ਰੀ ਸਾਲਾਸਰ ਬਾਲਾਜੀ ਸਟੀਲ ਟਿਊਬਜ਼ ਅਤੇ ਮੈਸਰਜ਼ ਸ਼੍ਰੀ ਸਾਲਾਸਰ ਸਟੀਲ ਟਿਊਬਜ਼ ਐਂਡ ਕੰਪਨੀ ਸ਼ਾਮਿਲ ਨੇ । ਉਹ ਬਿਲੇਟ -ਧਾਤ ਦੇ ਠੋਸ ਟੁਕੜੇ ਅਤੇ ਪਾਈਪਾਂ ਦਾ ਵਪਾਰ ਕਰ ਰਹੇ ਸਨ। ਡੀ.ਜੀ.ਜੀ.ਆਈ ਲੁਧਿਆਣਾ ਵੱਲੋਂ ਕੀਤੀ ਗਈ ਜਾਂਚ ਦੌਰਾਨ, ਇਨ੍ਹਾਂ ਸੰਸਥਾਵਾਂ ਖਿਲਾਫ ਕਈ ਈਤਰਾਜਯੋਗ ਸਬੂਤ ਸਾਹਮਣੇ ਆਏ ਅਤੇ ਜ਼ਬਤ ਕੀਤੇ ਗਏ ਨੇ । ਡੀ.ਜੀ.ਜੀ.ਆਈ ਸੂਤਰਾਂ ਮੁਤਾਬਿਕ , ਗ੍ਰਿਫ਼ਤਾਰ ਕੀਤੇ ਗਏ ਇਹ ਤਿੰਨੇ ਵਿਅਕਤੀ ਜ਼ਿਆਦਾਤਰ ਇਨ੍ਹਾਂ

ਕਾਰੋਬਾਰਾਂ ਦੇ ਮਾਲਕ ਅਤੇ ਕੰਟਰੋਲਰ ਸਨ। ਇਨਾ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਏ । ਡੀ.ਜੀ.ਜੀ.ਆਈ ਭਾਰਤ ਸਰਕਾਰ ਦੀ ਜੀ.ਐਸ.ਟੀ ਟੈਕਸ ਚੋਰੀ ਲਈ ਪ੍ਰਮੁੱਖ ਖੁਫੀਆ ਅਤੇ ਜਾਂਚ ਏਜੰਸੀ ਏ , ਜੋ ਵਿੱਤ ਮੰਤਰਾਲੇ ਦੇ ਅਧੀਨ ਕੰਮ ਕਰਦੀ ਏ ।

-------------------------------------------------------

ਅੱਜ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਏ । ਇਹ ਦਿਨ ਪ੍ਰੈਸ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਅਤੇ ਦੁਨੀਆ ਭਰ ਵਿੱਚ ਇਸਦੀ ਸਥਿਤੀ ਦਾ ਮੁਲਾਂਕਣ ਕਰਨ ਲਈ ਮਨਾਇਆ ਜਾਂਦਾ ਏ ।

***ਪੇਸ਼ ਏ ਇੱਕ ਰਿਪੋਰਟ : ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਦਾ ਐਲਾਨ ਸੰਯੁਕਤ ਰਾਸ਼ਟਰ ਮਹਾਸਭਾ ਵੱਲੋਂ 1993 ਵਿੱਚ, ਯੂਨੈਸਕੋ ਦੀ ਜਨਰਲ ਕਾਨਫਰੰਸ ਦੀ ਸਿਫ਼ਾਰਸ਼ ਤੋਂ ਬਾਅਦ ਕੀਤਾ ਗਿਆ ਸੀ। ਉਦੋਂ ਤੋਂ ਹਰ ਸਾਲ 3 ਮਈ ਨੂੰ Windhoek ਐਲਾਨਨਾਮੇ ਦੀ ਯਾਦ ਵਿਚ, ਇਹ ਦਿਨ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਏ। ਇਸ ਸਾਲ ਦਾ ਵਿਸ਼ਾ ਏ - "ਨਵੀਂ ਦੁਨੀਆਂ ਵਿੱਚ ਰਿਪੋਰਟਿੰਗ - ਪ੍ਰੈਸ ਦੀ ਆਜ਼ਾਦੀ ਅਤੇ ਮੀਡੀਆ 'ਤੇ***

*ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ"। ਇਹ ਵਿਸ਼ਾ ਪੱਤਰਕਾਰੀ ਨੂੰ ਬਦਲਣ ਵਿੱਚ AI ਦੇ ਤੇਜ਼ ਵਿਕਾਸ ਅਤੇ ਵਰਤੋਂ ਨੂੰ ਉਜਾਗਰ ਕਰਦਾ ਏ ਕਿ, ਕਿਵੇਂ AI ਖ਼ਬਰਾਂ ਨੂੰ ਸਾਂਝਾ ਕਰਨ ਦੇ ਤਰੀਕੇ ਵਿੱਚ ਨਵੇਂ ਮੌਕੇ ਅਤੇ ਗੰਭੀਰ ਚੁਣੌਤੀਆਂ ਦੋਵੇਂ ਲਿਆ ਰਿਹਾ ਏ। ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਸਮਾਜ ਨੂੰ ਆਕਾਰ ਦੇਣ ਵਿੱਚ, ਪੱਤਰਕਾਰੀ ਦੀ ਅਹਿਮ ਭੂਮਿਕਾ 'ਤੇ ਚਾਨਣਾ ਪਾਉਂਦਾ ਏ। ਇਹ ਸਰਕਾਰਾਂ ਨੂੰ ਆਜ਼ਾਦ ਮੀਡੀਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਣ, ਸੱਚਾਈ ਦੀ ਭਾਲ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਪੱਤਰਕਾਰਾਂ ਨੂੰ ਸਨਮਾਨਿਤ ਕਰਨ, ਅਤੇ ਪੱਤਰਕਾਰਾਂ ਨੂੰ ਇਮਾਨਦਾਰੀ ਤੇ ਜ਼ਿੰਮੇਵਾਰੀ ਨਾਲ ਆਪਣਾ ਕੰਮ ਕਰਨ ਲਈ ਉਤਸ਼ਾਹਿਤ ਕਰਦਾ ਏ। ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

---

ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਧਾਰਮਿਕ ਸਮਾਗਮ ਕਰਵਾਏ ਗਏ। ਇਸ ਦੌਰਾਨ ਵੱਡੀ ਗਿਣਤੀ ਚ ਸਿੱਖ ਸੰਗਤ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ

ਹੋਈ । ਗੁਰਦਆਰਾ ਸ਼ਹੀਦ ਗੰਜ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਧਾਰਮਿਕ ਸਮਾਗਮ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਉਹਨਾਂ ਗੁਰੂਆਂ ਵਲੋਂ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸੰਗਤਾਂ ਲਈ ਇਸ ਮੌਕੇ ਲੰਗਰ ਅਟੁੱਟ ਵਰਤਾਏ ਗਏ।

---

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਨਿਆਂ ਪ੍ਰਦਾਨ ਕਰਨ ਵਿਚ, ਸਾਲਸੀ ਇੱਕ ਜ਼ਰੂਰੀ ਹਿੱਸਾ ਏ।
- ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ - ਭਾਰਤ ਮੀਡੀਆ ਅਤੇ ਮਨੋਰੰਜਨ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਅਗਵਾਈ ਕਰ ਸਕਦਾ ਏ।
- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਹਲਫ਼ ਦਵਾਉਂਦਿਆਂ, ਸਾਰਿਆਂ ਨੂੰ ਨਸ਼ਿਆਂ ਖ਼ਿਲਾਫ ਲੜਾਈ ਦੀ ਅਗਵਾਈ ਕਰਨ ਦੀ ਕੀਤੀ ਅਪੀਲ।

- ਲੁਧਿਆਣਾ ਦੇ GST ਖੁਫੀਆ ਮਹਾਨਿਦੇਸ਼ਾਲੇ ਨੇ, ਮੰਡੀ ਗੋਬਿੰਦਗੜ੍ਹ ਦੀਆਂ 6 ਕਾਰੋਬਾਰੀ ਸੰਸਥਾਵਾਂ ਤੋਂ, ਉਤਪਾਦਾਂ ਦੀ ਗੈਰ-ਕਾਨੂੰਨੀ ਵਿਕਰੀ ਵਿੱਚ ਸ਼ਾਮਲ, ਤਿੰਨ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ।
- ਪ੍ਰੈਸ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ, ਅੱਜ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਮਨਾਇਆ ਜਾ ਰਿਹੈ।